# ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਜੰਗੇ ਬਦਰ ਲਈ ਤਿਆਰੀ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 16 ਜੂਨ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹੁਦ, ਤੌਜ਼ ਅਤੇ ਸੂਰਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਮੱਕਾ ਵਾਲਿਆਂ ਦੀ ਜੰਗ ਲਈ ਤਿਆਰੀ ਦੇ ਕੁਝੱ ਹਾਲਾਤ ਬਿਆਨ ਹੋਏ ਸਨ। ਇਸ ਬਾਰੇ ਹੋਰ ਵਿਆਖਿਆ ਇੰਝ ਹੈ। ਉਮੱਯਾ ਬਿਨ ਖ਼ਲਫ਼ ਅਤੇ ਅਬੂ ਲਹਬ ਨੇ ਜੰਗ ਵਿਚੱ ਸ਼ਾਮਿਲ ਹੋਣ ਤੋਂ ਬਚਣੱ ਦੀ ਕੋਸ਼ਿਸ਼ ਕੀਤੀ। ਸੋ, ਅਬੂ ਜਹਲ, ਉਮੱਯਾ ਬਿਨ ਖ਼ਲਫ਼ ਕੋਲ੍ਹ ਆਇਆ ਅਤੇ ਕਿਹਾ ਕਿ :

ਤੁਸੀਂ ਕੁਰੈਸ਼ ਦੇ ਸਰਦਾਰਾਂ ਵਿੱਚੋਂ ਹੋ। ਜੇਕਰ ਤੁਸੀਂ ਜੰਗ ਵਿਚੱ ਸ਼ਾਮਿਲ ਨ ਹੋਏ ਤਾਂ ਲੋਕ ਵੀ ਪਿੱਛੇ ਹਟੱ ਜਾਣਗੇ। ਸੋ, ਤੁਸੀਂ ਸਾਡੇ ਨਾਲ ਜ਼ਰੂਰ ਤੁਰੋ, ਭਾਵੇਂ ਇਕੱ ਦੋ ਦਿਨ ਬਾਦ ਪਰਤ ਜਿਓ।

ਅਸਲ ਵਿਚੱ ਉਮੱਯਾ ਜੰਗ ਉੱਤੇ ਜਾਣ ਤੋਂ ਇਸ ਲਈ ਡਰ ਰਿਹਾ ਸੀ। ਕਿਉਂਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਉਮੱਯਾ ਦੇ ਕਤਲ ਦੀ ਭਵਿਖੱਬਾਣੀ ਕੀਤੀ ਸੀ। ਇਸ ਦਾ ਵਿਆਖਿਆਤਮਕ ਜ਼ਿਕਰ ਸਹੀ ਬੁਖ਼ਾਰੀ ਵਿਚੱ ਮਿਲਦਾ ਹੈ। ਅਬੂ ਲਹਬ ਨੇ ਆਪਣੀ ਥਾਂ ਇਕੱ ਦੂਜੇ ਬੰਦੇ ਨੂੰ ਭੇਜਿਆ ਸੀ। ਉਸ ਦੇ ਨ ਜਾਣ ਦਾ ਕਾਰਨ ਆਤਕਾ ਬਿਨਤੇ ਅਬਦੁੱਲ ਮੁਤਲਿਬ ਦਾ ਸੁਪਨਾ ਸੀ। ਅਬੂ ਲਹਬ ਕਿਹਾ ਕਰਦਾ ਸੀ ਕਿ ਆਤਕਾ ਦਾ ਸੁਪਨਾ ਇੰਝ ਹੈ ਜਿਵੇਂ ਕਿਸੇ ਵਿਅਕਤੀ ਦੇ ਹਥੱ ਵਿਚੱ ਕੋਈ ਚੀਜ਼ ਦੇ ਦਿੱਤੀ ਜਾਵੇ।

ਮੱਕਾ ਵਾਲਿਆਂ ਦਾ ਲਸ਼ਕਰ ਬਹੁਤ ਜੋਸ਼ ਨਾਲ ਨਿਕਲਿਆ। ਲਸ਼ਕਰ ਦੀ ਗਿਣਤੀ ਇਕੱ ਹਜ਼ਾਰ ਸੀ। ਉਨ੍ਹਾਂ ਕੋਲ੍ਹ ਇਕੱ ਸੌ ਜਾਂ ਕੁਝੱ ਦੇ ਨੇੜ੍ਹੇ ਦੋ ਸੌ ਘੋੜ੍ਹੇ, ਸਤੱ ਸੌ ਊਂਠ , ਛ ਸੌ ਢਾਲ੍ਹਾਂ ਅਤੇ ਹੋਰ ਜੰਗ ਦਾ ਸਮਾਨ ਜਿਵੇਂ ਨੇਜ਼ੇ, ਤਲਵਾਰਾਂ ਅਤੇ ਤੀਰ ਕਮਾਨ ਬਹੁਤ ਵੱਡੀ ਗਿਣਤੀ ਵਿਚੱ ਸਨ।

ਕੁਰੈਸ਼ ਮੱਕੇ ਤੋਂ ਨਿਕਲ ਕੇ ਜੋਹਫ਼ਾ ਵਿਚੱ ਉਤਰੇ । ਜੋ ਮਦੀਨਾ ਵਲੋਂ 82 ਬਿਆਸੀ ਮੀਲ ਦੀ ਦੂਰੀ ਉੱਤੇ ਹੈ । ਇੱਥੇ ਇਕੱ ਵਿਅਤਕੀ ਜਹੀਮ ਬਿਨ ਸਲਤ ਨੇ ਲੋਕਾਂ ਨੂੰ ਆਪਣਾ ਇਕੱ ਸੁਪਨਾ ਦਸਿੱਆ । ਜਿਸ ਵਿਚੱ ਉਸ ਨੇ ਇਹ ਨਜ਼ਾਰਾ ਵੇਖਿਆ ਸੀ ਕਿ ਇਕੱ ਵਿਅਕਤੀ ਘੋੜ੍ਹੇ ਉੱਤੇ ਸਵਾਰ ਆਇਆ ਅਤੇ ਉਸ ਨਾਲ ਇਕੱ ਊਂਠ ਵੀ ਸੀ ਅਤੇ ਉਸ ਨੇ ਕਿਹਾ ਕਿ ਅਤਬਾ ਬਿਨ ਰਬੀਆ, ਸ਼ੈਅਬਾ ਬਿਨ ਰਬੀਆ, ਅਬੂਲੱ ਹਿਕਮ ਬਿਨ ਹੱਸ਼ਾਮ ਅਰਥਾਤ ਅਬੂ ਜਹਲ, ਉਮੱਯਾ ਬਿਨ ਖ਼ਲਫ਼ ਅਤੇ ਕੁਰੈਸ਼ ਦੇ ਉਹ ਉਹ ਸਰਦਾਰ ਕਤਲ ਹੋ ਗਏ । ਫ਼ਿਰ ਉਸ ਨੇ ਆਪਣੇ ਊਂਠ ਦੀ ਗਰਦਨ ਉੱਤੇ ਨੇਜ਼ਾ ਮਾਰ ਕੇ ਸਾਡੇ ਤੰਬੂਆਂ ਵਲੋਂ ਛਡੱ ਦਿੱਤਾ । ਸੋ, ਇਸ ਊਂਠ ਦਾ ਲਹੂ ਸਾਡੇ ਲਸ਼ਕਰ ਦੇ ਹਰ ਤੰਬੂ ਨੂੰ ਲਗਿੱਆ । ਇਹ ਸੁਪਨਾ ਜਦੱ ਅਬੂ ਜਹਲ ਨੇ ਸੁਣਿਆ ਤਾਂ ਉਹ ਹਾਸੇ ਅਤੇ ਗੁੱਸੇ ਨਾਲ ਕਹਿਣ ਲਗਿੱਆ ਕਿ ਬਨੂ ਅਬਦੁੱਲ ਮੁਤਲਿਬ ਵਿਚੱ ਇਹ ਇਕੱ ਹੋਰ ਨਬੀ ਪੈਦਾ ਹੋ ਗਿਆ ਹੈ । ਕਲ੍ਹੋਂ ਜੇਕਰ ਅਸੀਂ ਜੰਗ ਕੀਤੀ ਤਾਂ ਖ਼ੂਬ ਪਤਾ ਲਗੱ ਜਾਵੇਗਾ ਕਿ ਕੌਣ ਕਤਲ ਹੁੰਦਾ ਹੈ ।

ਅਬੂ ਸੁਫ਼ਯਾਨ ਨੇ ਵੀ ਅਬੂ ਜਹਲ ਨੂੰ ਇਹ ਸੰਦੇਸ਼ ਭੇਜਿਆ ਸੀ ਕਿ ਜੰਗ ਤੋਂ ਬਚਣ ਦੀ ਕੋਸ਼ਿਸ਼ ਕਰੋ । ਅਬੂ ਸੁਫ਼ਯਾਨ ਦਾ ਇਹ ਸੰਦੇਸ਼ ਸੁਣ ਕੇ ਅਬੂ ਜਹਲ ਨੇ ਕਿਹਾ ਕਿ ਰਬੱ ਦੀ ਸੌਂਹ ! ਅਸੀਂ ਬਦਰ ਤਕੱ ਜ਼ਰੂਰ ਜਾਵਾਂਗੇ ਅਤੇ ਉੱਥੇ ਆਪਣੇ ਊਂਠਾਂ ਦੀ ਕੁਰਬਾਨੀ ਦਿਆਂਗੇ, ਸ਼ਰਾਬਾਂ ਪੀਣਗੇ, ਸਾਡੀਆਂ ਕਨੀਜ਼ਾਂ (ਨਚੱਣ ਵਾਲਿਆਂ) ਸਾਡੇ ਸਾਮ੍ਹਣੇ ਗੀਤ ਗਾਉਣਗੀਆਂ । ਇੰਝ ਸਾਰੇ ਅਰਬ ਵਿਚੱ ਸਾਡੇ ਸਫ਼ਰ ਅਤੇ ਲਸ਼ਕਰ ਦੀ ਖ਼ਬਰ ਪਹੁੰਚ ਜਾਵੇਗੀ ਅਤੇ ਉਹ ਸਦਾ ਸਾਡੇ ਤੋਂ ਡਰਦੇ ਰਹਿਣਗੇ ।

ਅਬੂ ਜਹਲ ਦੇ ਇਸ ਸੰਦੇਸ਼ ਉੱਤੇ ਬਨੂ ਅਦੀ ਅਤੇ ਬਨੂ ਜ਼ੋਹਰਾ ਵਾਪਸ ਚਲ੍ਹੇ ਗਏ ਅਤੇ ਜੰਗ ਵਿਚੱ ਸ਼ਾਮਿਲ ਨ ਹੋਏ । ਅਬੂ ਤਾਲਬ ਦੇ ਬੇਟੇ ਤਾਲਬ ਵੀ ਕੁੱਫ਼ਾਰ ਦੇ ਨਾਲ ਸਨ । ਰਾਹ ਵਿਚੱ ਕੁੱਫ਼ਾਰ ਨੇ ਉਨਾਂ ਨੂੰ ਕਿਹਾ ਕਿ ਅਸੀਂ ਜਾਣਦੇ ਹਾਂ ਕਿ ਤੁਸੀਂ ਸਾਡੇ ਨਾਲ ਆ ਤਾਂ ਗਏ ਹੋ । ਪਰ ਤੁਹਾਡੀ ਅਸਲ ਹਮਦਰਦੀ ਮੁਹੰਮਦ (ਸਲੱਲਾਹੋ ਅਲੈਹਿ ਵਸਲੱਮ) ਦੇ ਨਾਲ ਹੈ । ਇਸ ਉੱਤੇ ਤਾਲਬ ਆਪਣੇ ਕਈ ਸਾਥੀਆਂ ਨਾਲ ਵਾਪਸ ਚਲ੍ਹੇ ਗਏ । ਤਿਬਰੀ ਦੇ ਇਕੱ ਹਵਾਲੇ ਵਿਚੱ ਇਹ ਜ਼ਿਕਰ ਵੀ ਹੈ ਕਿ ਤਾਲਬ ਜ਼ਬਰਦਸਤੀ ਮੱਕੇ ਵਾਲਿਆਂ ਨਾਲ ਨਿਕਲੇ ਸਨ । ਪਰ ਉਨ੍ਹਾਂ ਦਾ ਜ਼ਿਕਰ ਕਤਲ ਹੋਣ ਵਾਲਿਆਂ ਜਾਂ ਕੈਦੀਆਂ ਵਿਚੱ ਵੀ ਨਹੀਂ ਮਿਲਦਾ। ਇੰਝ ਹੀ ਉਹ ਘਰ ਵੀ ਵਾਪਸ ਨ ਪਹੁੰਚੇ ।

ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ 12 ਰਮਜ਼ਾਨ 2 ਹਿਜਰੀ ਨੂੰ ਮਦੀਨਾ ਤੋਂ ਨਿਕਲੇ । ਆਪ ਦੇ ਨਾਲ ਤਿੰਨ ਸੌ ਤੋਂ ਵਧੱ ਸਹਾਬੀ ਸਨ, ਬਹੁਤੀਆਂ ਰਵਾਯਤਾਂ ਵਿਚੱ ਮੁਸਲਮਾਨਾਂ ਦੀ ਗਿਣਤੀ ਤਿੰਨ ਸੌ ਤੇਰ੍ਹਾ 313 ਬਿਆਨ ਹੋਈ ਹੈ । ਉਨਾਂ ਵਿਚੱ 74 ਮੁਹਾਜਰ ਅਤੇ ਬਾਕੀ ਅਨਸਾਰ ਸਨ । ਇਹ ਪਹਿਲਾ ਗ਼ਜ਼ਵਾਹ ਸੀ । ਜਿਸ ਵਿਚੱ ਅਨਸਾਰ ਵੀ ਸ਼ਾਮਿਲ ਹੋਏ । ਹਜ਼ਰਤ ਉਸਮਾਨ ਬਿਨ ਅੱਫ਼ਾਨ ਰਜ਼ੀ ਅੱਲਾਹ ਅੰਨਹੋ ਨੂੰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਮਦੀਨਾ ਵਿਚੱ ਰੁਕੱਣ ਦਾ ਹੁਕਮ ਦਿੱਤਾ । ਕਿਉਂਕਿ ਉਨਾਂ ਦੀ ਬੀਵੀ ਹਜ਼ਰਤ ਰੁਕੱਯਾ ਬਿਨਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਬਿਮਾਰ ਸਨ ।

ਜਦੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਜੰਗ ਲਈ ਨਿਕਲਣ ਲੱਗੇ ਤਾਂ ਇਕੱ ਔਰਤ ਉੱਮੇ ਵਰਕਾਹ ਬਿਨਤੇ ਨੌਫ਼ਲ ਨੇ ਕਿਹਾ ਕਿ ਮੈਨੂੰ ਵੀ ਜਿਹਾਦ ਉੱਤੇ ਜਾਣ ਦੀ ਆਗਿਆ ਦਿਓ । ਮੈਂ ਆਪ ਦੇ ਨਾਲ ਬਿਮਾਰਾਂ ਦੀ ਸੈਵਾ ਕਰਾਂਗੀ । ਸ਼ਾਇਦ ਰਬੱ ਮੈਨੂੰ ਵੀ ਸ਼ਹਾਦਤ ਨਸੀਬ ਕਰੇ ।

ਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਤੁਸੀਂ ਆਪਣੇ ਘਰ ਉੱਤੇ ਰਹੋ । ਰਬੱ ਤੁਹਾਨੂੰ ਸ਼ਹਾਦਤ ਬਖ਼ਸ਼ੇਗਾ । ਸੋ, ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਦੇ ਜ਼ਮਾਨੇ ਵਿਚੱ ਉੱਮੇ ਵਰਕਾਹ ਨੂੰ ਉਨਾਂ ਦੇ ਗ਼ੁਲਾਮ ਅਤੇ ਲੌਂਡੀ ਨੇ ਕਤਲ ਕੀਤਾ ਅਤੇ ਇੰਝ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਭਵਿਖੱਬਾਣੀ ਅਨੁਸਾਰ ਉਨਾਂ ਨੂੰ ਸ਼ਹਾਦਤ ਨਸੀਬ ਹੋਈ ।

ਇਸ ਜੰਗ ਵਿਚੱ ਮੁਸਲਮਾਨਾਂ ਕੋਲ੍ਹ ਪੰਜ ਜਾਂ ਕੁਝੱ ਰਵਾਯਤਾਂ ਅਨੁਸਾਰ ਦੋ ਘੋੜ੍ਹੇ ਸਨ । ਸਠੱ ਜ਼ਿਰਾਹਾਂ ਸਨ, ਸਤੱਰ ਜਾਂ ਅੱਸੀ ਊਠ ਸਨ । ਸਹਾਬਾ ਰਜ਼ੀ ਅੱਲਾਹ ਅੰਹੁਮਾ ਲਈ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਇਹ ਦੂਆ ਕੀਤੀ ਕਿ ਹੇ ਰਬੱ ! ਇਹ ਨੰਗੇ ਪੈਰ੍ਹੀਂ ਹਨ । ਇਹਨਾਂ ਨੂੰ ਸਵਾਰੀਆਂ ਬਖ਼ਸ਼  ਇਹ ਨੰਗੇ ਸ਼ਰੀਰ ਹਨ । ਇਹਨਾਂ ਨੂੰ ਲਿਬਾਸ ਬਖ਼ਸ਼ । ਇਹ ਭੁੱਕੇ ਹਨ । ਇਹਨਾਂ ਦਾ ਟਿਡੱ ਭਰ । ਇਹ ਤੰਗ ਹਨ । ਇਹਨਾਂ ਨੂੰ ਆਪਣੇ ਫ਼ਜ਼ਲ ਨਾਲ ਗ਼ਨੀ ਕਰਦੇ (ਅਰਥਾਤ ਬਹੁਤ ਮਾਲ ਬਖ਼ਸ਼) ਸੋ, ਇਹ ਦੂਆ ਕਬੂਲ ਹੋਈ ਅਤੇ ਜੰਗ ਦੇ ਅੰਤ ਉੱਤੇ ਕੋਈ ਵੀ ਅਜਿਹਾ ਨ ਸੀ ਕਿ ਜਿਸ ਕੋਲ੍ਹ ਸਵਾਰੀ ਨ ਹੋਵੇ । ਖ਼ਾਣ ਪੀਣ ਦਾ ਸਮਾਨ ਇਹਨਾਂ ਸੀ ਕਿ ਖਾਣ ਪੀਣ ਦੀ ਕੋਈ ਤੰਗੀ ਨ ਰਹੀ । ਨੰਗਿਆਂ ਨੂੰ ਲਿਬਾਸ ਮਿਲੇ । ਜੰਗੀ ਕੈਦੀਆਂ ਦੀ ਰਿਹਾਈ ਦਾ ਇਹਨਾਂ ਬਦਲਾ ਮਿਲਿਆ ਕਿ ਹਰ ਪਰਿਵਾਰ ਅਮੀਰ ਹੋ ਗਿਆ ।

ਹਜ਼ਰਤ ਉਸਮਾਨ ਰਜ਼ੀ ਅੱਲਾਹ ਅੰਨਹੋ ਤੋਂ ਬਿਨਾਂ ਵੀ ਕੁਝੱ ਸ਼ਰਧਾਵਾਨ ਅਜਿਹੇ ਸਨ । ਜਿਨ੍ਹਾਂ ਨੂੰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਜੰਗ ਉੱਤੇ ਜਾਣ ਦੀ ਆਗਿਆ ਨ ਦਿੱਤੀ । ਉਨ੍ਹਾਂ ਵਿਚੱ ਹਜ਼ਰਤ ਅਬੂ ਅਮਾਮਾ ਬਿਨ ਸਅਲਬਾਹ ਦੀ ਮਾਤਾ ਬਿਮਾਰ ਸੀ, ਹਜ਼ਰਤ ਸਅਦ ਬਿਨ ਅਬਾਦਾ, ਜੋ ਦੂਜੀਆਂ ਨੂੰ ਜੰਗ ਦੀ ਤਿਆਰੀ ਕਰਵਾ ਰਹੇ ਸਨ । ਉਨ੍ਹਾਂ ਨੂੰ ਸੰਪ ਲੜ੍ਹ ਗਿਆ ਅਤੇ ਉਹ ਜੰਗ ਲਈ ਨ ਜਾ ਸਕੇ । ਇੰਝ ਹੀ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਰਾਹ ਵਿਚੱ ਘਟੱ ਉਮਰ ਵਾਲਿਆਂ ਨੂੰ ਵਾਪਸ ਜਾਣ ਦਾ ਹੁਕਮ ਦਿੱਤਾ । ਉਨ੍ਹਾਂ ਵਿਚੱ ਊਮੈਰ ਬਿਨ ਅਬੀ ਵਕਾਸ ਵੀ ਸ਼ਾਮਿਲ ਸਨ । ਉਹ ਵਾਪਸੀ ਦਾ ਹੁਕਮ ਸੁਣ ਕੇ ਰੋਣ ਲਗੱ ਗਏ । ਇਸ ਉੱਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਉਨ੍ਹਾਂ ਨੂੰ ਆਗਿਆ ਦੇ ਦਿੱਤੀ । ਸੋ, ਉਹ ਜੰਗ ਵਿਚੱ ਸ਼ਾਮਿਲ ਹੋਏ ਅਤੇ ਸ਼ਹੀਦ ਹੋਏ ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੋ ਫ਼ਰਮਾਉਂਦੇ ਹਨ ਕਿ ਅਜੱ ਉਹ ਸਮਾਂ ਆਇਆ ਹੈ ਕਿ ਲੋਕ ਇਸਲਾਮ ਅਤੇ ਈਮਾਨ ਲਈ ਕੁਰਬਾਨੀ ਤੋਂ ਬਚਣ ਦੀਆਂ ਰਾਹਾਂ ਲਭੱਦੇ ਹਨ ਅਤੇ ਸਮਾਂ ਆਉਣ ਉੱਤੇ ਕਹਿੰਦੇ ਹਨ ਕਿ ਸਾਨੂੰ ਇਹ ਔਖ ਹੈ ਅਤੇ ਉਹ ਰੋਕ ਹੈ ।

ਪਰ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਅਧਿਆਤਮਿਕ ਸ਼ਕਤੀ ਦੇ ਹੇਠਾਂ ਮੁਸਲਮਾਨਾਂ ਵਿਚੱ ਕੁਰਬਾਨੀ ਦਾ ਉਹ ਸ਼ੌਂਕ ਪੈਦਾ ਹੋ ਚੁਕਿੱਆ ਸੀ ਕਿ ਬੰਦੇ ਅਤੇ ਵਡਿੱਆਂ ਔਰਤਾਂ ਤਾਂ ਦੂਰ । ਨਿਆਣੇ ਵੀ ਇਸ ਸ਼ੌਂਕ ਨਾਲ ਭਰੇ ਹੋਏ ਨਜ਼ਰ ਆਉਂਦੇ ਸਨ ।

ਇਸ ਸਫ਼ਰ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਆਪਣੇ ਪਿੱਛੇ ਅਬਦੁੱਲਾਹ ਬਿਨ ਉੱਮੇ ਮਕਤੂਮ ਨੂੰ ਮਦੀਨਾ ਦਾ ਕਾਰਜਕਾਰੀ ਬਣਾਇਆ । ਪਰ ਰਾਹ ਵਿਚੱ ਇਸ ਖ਼ਿਆਲ ਨਾਲ ਕਿ ਅਬਦੁੱਲਾਹ ਇਕੱ ਅੰਨ੍ਹਾ ਬੰਦਾ ਹੈ ਅਤੇ ਮਦੀਨਾ ਦਾ ਪ੍ਰਬੰਧ ਮਜ਼ਬੂਤ ਰਹਿਣਾ ਚਾਹੀਦਾ ਹੈ । ਆਪ ਸਲੱਲਾਹੋ ਅਲੈਹਿ ਵਸਲੱਮ ਨੇ ਅਬੂ ਲਬਾਬਾ ਬਿਨ ਮਨਜ਼ਰ ਨੂੰ ਮਦੀਨਾ ਦਾ ਕਾਰਜਕਾਰੀ ਬਣਾ ਕੇ ਵਾਪਸ ਭੇਜ ਦਿੱਤਾ । ਇੰਝ ਹੀ ਕਬਾ ਲਈ ਆਸਿਮ ਬਿਨ ਅੱਦੀ ਨੂੰ ਕਾਰਜਕਾਰੀ ਬਣਾਇਆ । ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਇਸਲਾਮੀ ਲਸ਼ਕਰ ਦਾ ਝੰਡਾ ਮਸਅਬ ਬਿਨ ਉਮੈਰ ਰਜ਼ੀ ਅੱਲਾਹ ਅੰਨਹੋ ਨੂੰ ਬਖ਼ਸ਼ਿਆ । ਇਹ ਝੰਡਾ ਚਿੱਟੇ ਰੰਗ ਦਾ ਸੀ । ਇਸ ਤੋਂ ਬਿਨਾਂ ਦੋ ਕਾਲੇ ਝੰਡੇ ਵੀ ਸਨ ਜਿਨਾਂ ਵਿੱਚੋਂ ਇਕੱ ਹਜ਼ਰਤ ਅਲੀ ਰਜ਼ੀ ਅੱਲਾ ਅੰਨਹੋ ਕੋਲ੍ਹ ਸੀ । ਇਹ ਝੰਡਾ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹੋ ਦੀ ਚੁੰਨੀ ਤੋਂ ਬਣਾਇਆ ਗਿਆ ਸੀ । ਜਦੱ ਕਿ ਦੂਜਾ ਝੰਡਾ ਇਕੱ ਅੰਸਾਰੀ ਸਹਾਬੀ ਕੋਲ੍ਹ ਸੀ । ਇਕੱ ਰਵਾਯਤ ਅਨੁਸਾਰ ਇਸਲਾਮੀ ਲਸ਼ਕਰ ਕੋਲ੍ਹ ਤਿੰਨ ਝੰਡੇ ਸਨ । ਮੁਹਾਜਿਰਾਂ ਦਾ ਝੰਡਾ ਹਜ਼ਰਤ ਮਸਅਬ ਬਿਨ ਉਮੈਰ ਕੋਲ੍ਹ, ਕਬੀਲਾ ਖ਼ਜ਼ਰਜ ਦਾ ਝੰਡਾ ਹਜ਼ਰਤ ਹਬਾਬ ਬਿਨ ਮਨਜ਼ਰ ਦੇ ਕੋਲ੍ਹ ਜਦੱਕਿ ਕਬੀਲਾ ਓਸ ਦਾ ਝੰਡਾ ਹਜ਼ਰਤ ਸਅਦ ਬਿਨ ਮੁਆਜ਼ ਕੋਲ੍ਹ ਸੀ ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਇਹ ਜ਼ਿਕਰ ਜਾਰੀ ਹੈ । ਮਗਰੋਂ ਹੇਠ ਲਿੱਖੇ ਸਵਰਗਵਾਸੀਆਂ ਦਾ ਜ਼ਿਕਰ ਕੀਤਾ ਅਤੇ ਨਮਾਜ਼ ਜਨਾਜ਼ਾ ਪੜ੍ਹਾਉਣ ਦਾ ਜ਼ਿਕਰ ਕੀਤਾ ।

ਸ਼੍ਰੀਮਾਨ ਸ਼ੈਖ਼ ਗ਼ੁਲਾਮ ਰਹਿਮਾਨ ਸਾਹਿਬ ਆਫ਼ ਯੂ.ਕੇ, ਸ਼੍ਰੀਮਾਨ ਤਾਹਿਰ ਏ ਜੀ ਹਾਮਾ ਸਾਹਿਬ ਆਫ਼ ਮਹਦੀ ਆਬਾਦ ਡੋਰੀ ਬਰਕੀਨਾ ਫ਼ਾਸੋ, ਸ਼੍ਰੀਮਾਨ ਖ਼ਵਾਜ਼ਾ ਦਾਊਦ ਅਹਮਦ ਸਾਹਿਬ, ਸ਼੍ਰੀਮਾਨ ਸਯੱਦ ਤਨਵੀਰ ਸ਼ਾਹ ਸਾਹਿਬ ਆਫ਼ ਸਸਕਾ ਟਾਊਨ ਕਨੈਡਾ, ਸ਼੍ਰੀਮਾਨ ਰਾਨਾ ਮੁੰਹਮਦ ਜ਼ਫ਼ਰੁੱਲਾਹ ਖ਼ਾਨ ਸਾਹਿਬ ਮੁਰਬੀ ਸਿਲਸਿਲਾ । ਹਜ਼ੂਰੇ ਅਨਵਰ ਨੇ ਸਵਰਗਵਾਸੀਆਂ ਦੀ ਬਖ਼ਸ਼ਿਸ਼ ਅਤੇ ਸਰਗ ਵਿਚੱ ਉਚੱਤਮ ਦਰਜੇ ਪ੍ਰਾਪਤ ਹੋਣ ਲਈ ਦੁਆ ਕੀਤੀ ।

اَلْحَمْدُ لِلّٰهِ! اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ عِبَادَ اللّٰهِ رَحِمَكُمُ اللّٰهُ اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ-